ਭਗਤ ਨਾਮਦੇਵ - ਸਬਦ ੫੨

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥

ਰਾਗੁ ਬਸੰਤੁ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੯੬

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥
ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥
ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥
ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥
ਧੋਬੀ ਧੋਵੈ ਬਿਰਹ ਬਿਰਾਤਾ ॥
ਹਰਿ ਚਰਨ ਮੇਰਾ ਮਨੁ ਰਾਤਾ ॥੨॥
ਭਣਤਿ ਨਾਮਦੇਉ ਰਮਿ ਰਹਿਆ ॥
ਅਪਨੇ ਭਗਤ ਪਰ ਕਰਿ ਦਇਆ ॥੩॥੩॥

ਸਾਰ: ਸਹਿਜ ਅੰਤਰੀਵੀ ਹਿਲਜੁਲ ਲਈ ਇਕ ਵਾਹਨ ਦੀ ਤਰ੍ਹਾਂ ਕਾਰਜ਼ ਕਰਦਾ ਹੈ, ਜੋ ਰੁਪਾਂਤ੍ਰਣ ਨੂੰ ਵਧਾਉਂਦਾ ਹੋਇਆ ਅੰਤਰੀਵੀ ਟਿਕਾਉ ਨੂੰ ਬਣਾਈ ਰੱਖਦਾ ਹੈ। ਮਨ ਦਾ ਸੁਭਾ ਬਹੁ ਦਿਸ਼ਾਵੀ ਹੁੰਦਾ ਹੈ ਜਿਸ ਵਿਚ ਸਥਿਰਤਾ ਦੀ ਘਾਟ ਰਹਿੰਦੀ ਹੈ, ਫਿਰ ਵੀ ਇਸਨੂੰ ਵਿਰੋਧ ਦੀ ਥਾਂ ਸਵੀਕਾਰਤਾ ਰਾਹੀਂ ਕੇਂਦਰਿਤ ਕੀਤਾ ਜਾ ਸਕਦਾ ਹੈ। ਹਰ ਕਦਮ ਸਪਸ਼ਟਤਾ, ਧੀਰਜ ਅਤੇ ਸਹਿਜਤਾ ਨਾਲ ਸੁਭਾਵਿਕ ਤੌਰ ‘ਤੇ ਸੇਧਿਤ ਹੁੰਦਾ ਹੈ। ਰੁਪਾਂਤ੍ਰਣ ਦੀ ਇਹ ਖੇਡ ਜਦੋਂ ਅੰਦਰੋਂ ਸੁਭਾਵਿਕ ਫੁੱਟਦੀ ਹੈ ਤਾਂ ਵਿਗਾਸ ਅੰਤਰੀਵੀ ਤੌਰ ‘ਤੇ ਬਿਨ੍ਹਾਂ ਕਿਸੇ ਟਕਰਾਅ ਵਾਪਰਦਾ ਹੈ। ਫਿਰ ਗਤੀ ਅਤੇ ਸਥਿਰਤਾ ਇਕ-ਦੂਜੇ ਦੇ ਵਿਰੋਧੀ ਨਹੀਂ ਰਹਿੰਦੇ; ਬਲਕਿ ਦੋਵੇਂ ਇਕੱਠੇ ਇਕੋ ਸੁਰਤਾਲ ਵਿਚ ਵਹਿਣ ਲੱਗਦੇ ਹਨ।

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥

ਧੂੜ ਨਾਲ ਭਰਿਆ ਹੋਇਆ ਗੱਡਾ ਸੁਭਾਵਿਕ ਸਹਜਤਾ ਵਿਚ ਅੱਗੇ ਵਧਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਹਿਜਤਾ ਅੰਤਰੀਵੀ ਗਤੀ ਦਾ ਸਾਧਨ ਬਣ ਜਾਂਦੀ ਹੈ, ਅਤੇ ਮਨ ਆਪਣੀ ਅੰਤਰੀਵੀ ਸਥਿਰਤਾ ਤੋਂ ਦੂਰ ਨਹੀਂ ਹੁੰਦਾ।

ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥

ਪਿੱਛੋਂ ਇਹ ਇਸਨੂੰ ਸੋਟੀ ਨਾਲ ਹਿੱਕਦੀ ਹੋਈ ਅੱਗੇ ਵੱਧਦੀ ਜਾਂਦੀ ਹੈ। ਇਹ ਭਾਵ ਸ਼ਾਂਤੀ ਅਤੇ ਸਹਿਜਤਾ ਦੇ ਸਕਾਰਾਤਮਕ ਪ੍ਰਭਾਵ ਵੱਲ ਸੰਕੇਤ ਕਰਦਾ ਹੈ, ਜਿਸ ਵਿਚ ਅੰਤਰੀਵੀ ਰੁਪਾਂਤ੍ਰਣ ਜ਼ੋਰ-ਜ਼ਬਰਦਸਤੀ ਦੀ ਬਜਾਏ ਸਹਿਜਤਾ ਨਾਲ ਅੱਗੇ ਵਧਦਾ ਹੈ। (੧)

ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥

ਜਿਵੇਂ ਸੁੱਕਾ ਗੋਹਾ ਭੂੰਡਾਂ ਨੂੰ ਦੂਰ ਭਜਾ ਦਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਅਵਸਥਾ ਵਿਚ ਆਇਆ ਰੁਪਾਂਤ੍ਰਣ ਨਕਾਰਾਤਮਕ ਆਦਤਾਂ ਨੂੰ ਸਹਿਜ ਸੁਭਾ ਹੀ ਦੂਰ ਕਰ ਦਿੰਦਾ ਹੈ।

ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥

ਪਿਆਰ ਨਾਲ ਪਲੀ ਲਾਡਲੀ ਤਲਾਬ ਉੱਤੇ ਨਹਾਉਣ ਲਈ ਜਾਂਦੀ ਹੈ। ਇਹ “ਲਾਡੁਲੀ” ਸੰਸਕਾਰਾਂ ਨਾਲ ਭਰੇ ਮਨ ਦਾ ਪ੍ਰਤੀਕ ਹੈ ਜੋ ਬਿਬੇਕ ਦੇ ਸਰ ਵਿਚ ਪਾਕ ਹੋਣ ਦੇ ਇਰਾਦੇ ਨੂੰ ਦਰਸਾਉਂਦੀ ਹੈ। (੧)(ਠਹਿਰਾਉ)

ਧੋਬੀ ਧੋਵੈ ਬਿਰਹ ਬਿਰਾਤਾ ॥

ਧੋਬੀ ਬਿਨ੍ਹਾਂ ਕਿਸੇ ਭੇਦਭਾਵ, ਇਮਾਨਦਾਰੀ ਵਿਚ ਭਿੱਜਾ ਹੋਇਆ, ਮਿਹਨਤ ਨਾਲ ਕੱਪੜੇ ਧੋਂਦਾ ਹੈ। ਇਹ ਭਾਵ ਸੰਸਾਰਿਕ ਫ਼ਰਜ਼ਾਂ ਨੂੰ ਬਿਨ੍ਹਾਂ ਕਿਸੇ ਲਗਾਵ, ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਤੀਕ ਹੈ।

ਹਰਿ ਚਰਨ ਮੇਰਾ ਮਨੁ ਰਾਤਾ ॥੨॥

ਮੇਰਾ ਅੰਤਹਕਰਣ ਸਰਵ ਵਿਆਪਕ ਜਾਗਰੂਕਤਾ ਦੀ ਨਿਮਰ ਅਵਸਥਾ ਵਿਚ ਭਿੱਜਾ ਹੋਇਆ ਹੈ। ਇਹ ਭਾਵ ਸ੍ਰਿਸ਼ਟੀ ਦੀ ਏਕਮਤਾ ਵਿਚ ਡੁੱਬਣ ਦਾ ਪ੍ਰਤੀਕ ਹੈ। (੨)

ਭਣਤਿ ਨਾਮਦੇਉ ਰਮਿ ਰਹਿਆ ॥

ਨਾਮਦੇਵ ਕਹਿੰਦੇ ਹਨ ਕਿ ਵਿਸ਼ਵਵਿਆਪੀ ਚੇਤਨਾ ਜੋ ਸਭਨਾ ਵਿਚ ਵਿਆਪਕ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਮੁੱਚਾ ਜਗਤ ਅਤੇ ਇਸਦੀ ਕਾਰਜ਼ ਪ੍ਰਣਾਲੀ ਚੇਤਨਾ ਦੇ ਇਕ ਨਿਰੰਤਰ ਅਤੇ ਅਖੰਡ ਖੇਤਰ ਵਿਚ ਪ੍ਰਗਟ ਹੁੰਦੀ ਹੈ।

ਅਪਨੇ ਭਗਤ ਪਰ ਕਰਿ ਦਇਆ ॥੩॥੩॥

ਇਹ ਆਪਣੇ ਨਾਲ ਇਕਸੁਰ ਹੋਏ ਸਰੂਪ ਪ੍ਰਤੀ ਦਇਆ ਭਾਵ ਪ੍ਰਗਟ ਕਰਦੀ ਹੈ। ਇਹ ਭਾਵ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਸਰਬ-ਵਿਆਪਕ ਊਰਜਾ ਸੁਭਾਵਿਕ ਤੌਰ 'ਤੇ ਆਪਣੇ ਹੀ ਉਸ ਅੰਸ਼ ਵੱਲ ਪ੍ਰਵਾਹਿਤ ਹੁੰਦੀ ਹੈ, ਜੋ ਆਪਣੇ ਮੂਲ ਨਾਲ ਇਕਸੁਰ ਹੋਣ ਦੀ ਲੋਚਾ ਰੱਖਦਾ ਹੈ। (੩)(੩)

ਤੱਤ: ਭਗਤ ਨਾਮਦੇਵ ਇਹ ਦਰਸਾਉਂਦੇ ਹਨ ਕਿ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਪੂਰੀ ਵਚਨਬੱਧਤਾ ਸਾਡੇ ਵਿਚ ਇਮਾਨਦਾਰੀ ਅਤੇ ਜਵਾਬਦੇਹੀ ਪੈਦਾ ਕਰਦੀ ਹੈ। ਜਦੋਂ ਅਸੀਂ ਆਪਣੇ ਕਰਮਾਂ ਵਿਚ ਪੂਰੀ ਤਰ੍ਹਾਂ ਲੀਨ ਹੁੰਦੇ ਹੋਏ ਇਨ੍ਹਾਂ ਦੇ ਨਤੀਜਿਆਂ ਤੋਂ ਬੇਖ਼ਬਰ ਹੁੰਦੇ ਹਾਂ, ਤਾਂ ਅਸੀਂ ਸਫ਼ਲਤਾ ਅਤੇ ਅਸਫ਼ਲਤਾ ਦੋਵਾਂ ਨੂੰ ਸਮਾਨਤਾ ਨਾਲ ਸਵੀਕਾਰ ਕਰ ਸਕਦੇ ਹਾਂ। ਨਿਰਲੇਪਤਾ ਦਾ ਅਰਥ ਉਦਾਸੀਨਤਾ ਜਾਂ ਫ਼ਰਜ਼ਾਂ ਤੋਂ ਪਿੱਛੇ ਹਟਣਾ ਨਹੀਂ ਹੈ। ਜਦੋਂ ਅੰਦਰ ਇੱਛਾਵਾਂ, ਪ੍ਰਸ਼ੰਸਾ ਜਾਂ ਉਮੀਦਾਂ ਦੀ ਖਿੱਚ ਢਿੱਲੀ ਪੈਣ ਲੱਗਦੀ ਹੈ ਤਾਂ ਵਿਨਾਸ਼ਕਾਰੀ ਆਦਤਾਂ ਦੀ ਖਿੱਚ ਆਪਣੇ ਆਪ ਘਟਣ ਲੱਗਦੀ ਹੈ। ਸੋਚ ਵਿਚ ਆਇਆ ਇਹ ਬਦਲਾਅ ਸਾਡੇ ਬਚਨਾਂ ਨੂੰ ਵਿਵਹਾਰ ਵਿਚ ਰੁਪਾਂਤ੍ਰਿਤ ਕਰ ਦਿੰਦਾ ਹੈ, ਜੋ ਨਿੱਜੀ ਵਿਗਾਸ ਦਾ ਦਰ ਖੋਲ੍ਹਦਾ ਹੈ ਜਿਸ ਨਾਲ ਅਸੀਂ ਪੁਰਤਾਨ ਸਥਾਪਿਤ ਢਾਂਚਿਆਂ ਅਤੇ ਤੰਗ ਸੋਚ ਤੋਂ ਮੁਕਤ ਹੋ ਜਾਂਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**